# ਨਿਸ਼ਕਰਸ਼

ਭਾਸ਼ਾ ਕੋਈ ਕੁਦਰਤੀ ਦਾਤ ਨਹੀਂ ਅਤੇ ਨਾ ਹੀ ਇਸਦਾ ਮਨੁੱਖੀ ਜਨਮ ਨਾਲ ਕੋਈ ਨੇੜੇ ਦਾ ਸੰਬੰਧ ਹੈ ਸਗੋਂ ਇਹ ਤਾਂ ਮਨੁੱਖ ਸਿਰਜਤ ਵਰਤਾਰਾ ਹੈ ਅਤੇ ਸਮਾਜ ਦੇ ਸਹਾਰੇ ਹੀ ਪ੍ਰਾਪਤ ਕੀਤੀ ਜਾਂਦੀ ਹੈ ਕਿਉਂਕਿ ਭਾਸ਼ਾ ਮਨੁੱਖ ਲਈ ਸੰਚਾਰ ਦਾ ਸਭ ਤੋਂ ਸਰਲ ਸਾਧਨ ਹੈ। ਭਾਵੇਂ ਭਾਸ਼ਾ ਦਾ ਬੀਜ ਮਨੁੱਖ ਅੰਦਰ ਜਨਮ ਤੋਂ ਮੌਜੂਦ ਹੈ ਪਰ ਇਸਦੇ ਵਧਣ-ਫੁਲਣ ਲਈ ਅਨੁਕੂਲ ਵਾਤਾਵਰਨ ਅਤੇ ਸਮਾਜੀ ਸਭਿਆਚਾਰਕ ਰਚਨਾਤੰਤਰ ਦੀ ਲੋੜ ਹੈ। ਭਾਸ਼ਾ ਦੇ ਭਾਸ਼ਿਕ ਅਤੇ ਗੈਰ-ਭਾਸ਼ਿਕ ਸਿਸਟਮਾਂ (ਸਪੱਰਸ਼, ਰੂਪ, ਧੁਨੀ) ਦਾ ਨਿਚੋੜ ਵੀ ਇਹੋ ਨਿਕਲਦਾ ਹੈ ਕਿ ਗੈਰ ਭਾਸ਼ਿਕ ਉਪਕਰਣ ਮਨੁੱਖੀ ਭਾਸ਼ਾ ਦੇ ਮੁਕਾਬਲੇ ਵਿਚ ਅਧੂਰੇ ਹਨ। ਭਾਵੇਂ ਸੰਕੇਤ, ਬਿੰਬ, ਚਿੱਤਰ, ਰੂਪ, ਚਿਹਰੇ ਦੇ ਹਾਵ-ਭਾਵ, ਸੰਗੀਤਕ ਧੁਨੀਆਂ ਤੇ ਸਪੱਰਸ਼ ਕਿਰਿਆ ਆਦਿ ਸਭ ਸੰਚਾਰ ਦੇ ਸਾਧਨ ਹਨ ਪਰ ਇਨ੍ਹਾਂ ਨੂੰ ਅਸੀਂ ਭਾਸ਼ਾ ਦੀ ਪਦਵੀ ਨਹੀਂ ਦੇ ਸਕਦੇ। ਭਾਸ਼ਾ ਦਾ ਪਦ ਕੇਵਲ ਮਨੁੱਖੀ ਭਾਸ਼ਾ ਨੂੰ ਹੀ ਪ੍ਰਾਪਤ ਹੈ। ਭਾਸ਼ਾ ਵਿਗਿਆਨ ਵਿਚ ਭਾਸ਼ਾ ਤੋਂ ਭਾਵ ਕੇਵਲ ਮਨੁੱਖ ਮਾਤਰ ਦੀ ਭਾਸ਼ਾ ਹੈ। ਜਿਸ ਰਾਹੀਂ ਉਚਾਰ, ਸੰਚਾਰ ਅਤੇ ਗ੍ਰਹਿਣ/ਸ੍ਰਵਣ ਸੰਭਵ ਹੈ।

ਮਨੁੱਖੀ ਭਾਸ਼ਾ ਆਪਣੇ ਰਚਨਾ ਕਾਲ ਤੋਂ ਨਿਰੰਤਰ ਗਤੀ ਨਾਲ ਨਦੀ ਦੇ ਪ੍ਰਵਾਹ ਵਾਂਗ ਚਲੀ ਆ ਰਹੀ ਹੈ। ਇਹ ਨਿਰੰਤਰ ਗਤੀ ਨਾਲ ਚਲਦੀ ਨਦੀ ਸਦਾ ਅੱਗੇ ਵਧਦੀ ਕਿਤਿਓਂ ਕੁਝ ਗ੍ਰਹਿਣ ਕਰਦੀ ਹੈ ਤੇ ਕਿਤੇ ਆਪਣੀ ਛਾਪ ਛੱਡਦੀ ਜਾਂਦੀ ਹੈ। ਇਸੇ ਲਈ ਭਾਸ਼ਾ ਨੂੰ ਅੱਜ ਅਸੀਂ ਇਕ ਮਨੁੱਖੀ ਸਿਰਜਣਾ, ਸਮਾਜ ਦਾ ਇਕ ਅਦਾਰਾ ਅਤੇ ਗਤੀਸ਼ੀਲ ਜੀਵੰਤ ਪ੍ਰਣਾਲੀ ਮੰਨਦੇ ਹਾਂ ਜਿਸਦਾ ਕਾਰਜ ਸੰਚਾਰ ਕਰਨਾ ਹੈ।

ਸਮਾਜ ਤੋਂ ਬਿਨ੍ਹਾਂ ਭਾਸ਼ਾ ਅਤੇ ਭਾਸ਼ਾ ਤੋਂ ਬਿਨਾਂ ਸਮਾਜ ਦੀ ਹੋਂਦ ਕਲਪੀ ਹੀ ਨਹੀਂ ਜਾ ਸਕਦੀ। ਸਮਾਜ ਦੇ ਸਮੁੱਚੇ ਵਰਤਾਰੇ ਦੀ ਜਾਣਕਾਰੀ ਭਾਸ਼ਾ ਤੋਂ ਹੀ ਹੁੰਦੀ ਹੈ। ਭਾਸ਼ਾ ਅਤੇ ਸਮਾਜ

ਆਪਸ ਵਿਚ ਇਸ ਤਰ੍ਹਾਂ ਓਤਪੋਤ ਹੁੰਦੇ ਹਨ ਕਿ ਜੇਕਰ ਇਕ ਉਪਰ ਧਿਆਨ ਕੇਂਦਰਿਤ ਕਰੀਏ ਤਾਂ ਦੂਜੀ ਦਾ ਪ੍ਰਤੀਬਿੰਬ ਉਸ ਵਿਚੋਂ ਲਿਸ਼ਕਾਰੇ ਮਾਰਦਾ ਹੈ।

ਸਭਿਆਚਾਰ ਮਨੁੱਖੀ ਸਮਾਜ ਦਾ ਸਰਵ-ਵਿਆਪਕ ਵਰਤਾਰਾ ਹੈ ਜੋ ਸਮਾਜ ਵਿਚ ਰਹਿ ਕੇ ਆਪਣੇ ਵਡੇਰਿਆਂ ਤੋਂ ਸਿੱਖਣਾ ਪੈਂਦਾ ਹੈ ਅਤੇ ਆਪਣੇ ਵਾਰਸਾਂ ਨੂੰ ਸਿਖਾਉਣਾ ਪੈਂਦਾ ਹੈ। ਭਾਸ਼ਾ ਅਤੇ ਸਭਿਆਚਾਰ ਦੋਵੇਂ ਸਮਾਜਿਕ ਪ੍ਰਾਪਤੀਆਂ ਹਨ। ਜਿਨ੍ਹਾਂ ਨੂੰ ਇਕ ਦੂਜੇ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਇਹ ਦੋਵੇਂ ਮਨੁੱਖ ਦੀ ਸਿਖਣ ਯੋਗਤਾ ਨਾਲ ਸੰਬੰਧਿਤ ਹਨ। ਮਨੁੱਖ ਬਚਪਨ ਤੋਂ ਹੀ ਸਭਿਆਚਾਰ ਨੂੰ ਗ੍ਰਹਿਣ ਕਰਨ ਦੇ ਯਤਨ ਸ਼ੁਰੂ ਕਰ ਦਿੰਦਾ ਹੈ। ਹਰ ਸਭਿਆਚਾਰ ਦੀ ਆਪਣੀ ਭਾਸ਼ਾ ਹੀ ਉਸਦਾ ਸਹੀ ਚਿੱਤਰ ਪੇਸ਼ ਕਰਨ ਦਾ ਸ਼ਕਤੀਸ਼ਾਲੀ ਮਾਧਿਅਮ ਹੁੰਦੀ ਹੈ। ਪੰਜਾਬੀ ਭਾਸ਼ਾ ਪੰਜਾਬੀ ਸਭਿਆਚਾਰ ਦੀ ਗਤੀਸ਼ੀਲਤਾ ਅਤੇ ਖੁਲ੍ਹਦਿਲੀ ਦੀ ਵੀ ਜਿਉਂਦੀ ਜਾਗਦੀ ਮਿਸਾਲ ਹੈ। ਸਭਿਆਚਾਰ ਕਿਸੇ ਇਲਾਕੇ ਦੀ ਸਖਸ਼ੀਅਤ ਹੁੰਦਾ ਹੈ ਅਤੇ ਭਾਸ਼ਾ ਇਸ ਸਖਸੀਅਤ ਦੀ ਪਛਾਣ।

ਸਮਾਜ ਭਾਸ਼ਾ ਵਿਗਿਆਨ ਭਾਸ਼ਾ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਪ੍ਰਗਟਾਉਂਦਾ ਹੈ। ਇਸ ਵਿਚ ਭਾਸ਼ਾ ਦੀ ਸਮਾਜਿਕ ਅਤੇ ਸਭਿਆਚਾਰਕ ਜੁਗਤ ਅਤੇ ਵਰਤੋਂ ਦੇ ਅਧਿਐਨ ਸ਼ਾਮਲ ਹਨ। ਸਭਿਆਚਾਰਕ ਅਤੇ ਸਮਾਜਿਕ ਅੰਗ ਵਜੋਂ ਭਾਸ਼ਾ ਦੇ ਅਧਿਐਨ ਦਾ ਪ੍ਰਚਲਤ ਨਾਂ ਸਮਾਜ-ਭਾਸ਼ਾ ਵਿਗਿਆਨ ਹੈ। ਸਮਾਜ ਭਾਸ਼ਾ ਵਿਗਿਆਨ ਦੇ ਪ੍ਰਮੁੱਖ ਪ੍ਰਵਰਗਾਂ ਵਿਅਕਤੀ ਭਾਸ਼ਾ, ਅਪਭਾਸ਼ਾ, ਗੁਪਤ ਭਾਸ਼ਾ, ਪਿਜਿਨ, ਕ੍ਰਿਉਲ ਅਤੇ ਰਜਿਸਟਰ ਭਾਸ਼ਾ ਆਦਿ ਬਾਰੇ ਵਰਣਨ ਦਾ ਨਿਚੋੜ ਇਹੋ ਹੈ ਕਿ ਸਮਾਜ ਭਾਸ਼ਾ ਵਿਗਿਆਨ ਦਾ ਘੇਰਾ ਬੜਾ ਵਿਸ਼ਾਲ ਹੈ।

ਲੇਖਕ ਆਪਣੀ ਸਾਹਿਤਕ ਕਿਰਤ ਨੂੰ ਸਮਝਾਉਣ ਲਈ ਆਪਣੇ ਪਾਤਰਾਂ ਦੇ ਮੂੰਹੋਂ ਅਜਿਹੇ ਰਜਿਸਟਰਾਂ ਦਾ ਪ੍ਰਯੋਗ ਕਰਵਾਉਂਦਾ ਹੈ ਜੋ ਉਸਦੇ ਸ਼੍ਰੇਣੀ ਅਤੇ ਵਰਗ ਨਾਲ ਸੰਬੰਧ ਰੱਖਦੇ ਹਨ। ਵੱਖੋ-ਵੱਖਰੀਆਂ ਸਮਾਜਿਕ ਸਥਿਤੀਆਂ ਅਨੁਸਾਰ ਜਾਤੀ ਭੇਦ ਦੀ ਉਚਾਰਨ ਭਿੰਨਤਾ ਸਹਿਜੇ ਹੀ ਦੇਖੀ ਜਾ ਸਕਦੀ ਹੈ। ਸਮਾਜ ਭਾਸ਼ਾ ਵਿਗਿਆਨੀਆਂ ਨੇ ਅਜਿਹੇ

ਪ੍ਰੀਵਰਤਨ ਲਈ ਵਕਤੇ ਦੀ ਸਮਾਜਿਕ ਪੱਧਤੀ, ਸਰੋਤੇ ਦੀ ਸਮਾਜਿਕ ਪੱਧਤੀ ਅਤੇ ਸਮਾਜਿਕ ਸਥਿਤੀ ਨੂੰ ਵੀ ਵਰਣਯੋਗ ਮੰਨਿਆ ਹੈ। ਜਿਸ ਤਰ੍ਹਾਂ ਸਰੋਤੇ ਜਾਂ ਪਾਠਕ ਦੀ ਪਦਵੀ ਨੂੰ ਮੁੱਖ ਰੱਖ ਕੇ ਵਿਸ਼ੇਸ਼ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਥੇ ਨਾਲ ਹੀ ਸਮਾਜ ਵਿਚ ਦਿੱਤੀ ਜਾਂਦੀ ਪਦਵੀ ਵੀ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਆਪਣੀ ਪਦਵੀ ਦੇ ਅਨੁਸਾਰ ਸ਼ਬਦਾਂ ਦੀ ਵਰਤੋਂ ਸਮੇਂ ਸਰੋਤਾ ਆਪਣੀ ਸਮਾਜਿਕ ਪੱਧਤੀ ਨੂੰ ਮੁੱਖ ਰੱਖਦੇ ਹੋਏ ਉਪਚਾਰਿਕ ਜਾਂ ਅਣ-ਉਪਚਾਰਿਕ ਭਾਸ਼ਾ ਦੀ ਵਰਤੋਂ ਕਰਦਾ ਹੈ।

ਸਮੂਹਿਕ ਮਨੁੱਖੀ ਸਮਾਜ ਦਾ ਤਸਵੀਰ ਪਾਤਰਾਂ ਦੀ ਬੋਲੀ ਵਿਚੋਂ ਦੇਖੀ ਜਾਂਦੀ ਹੈ। ਜੇਕਰ ਵਿਅਕਤੀ ਸਮਾਜ ਵਿਚ ਕੋਈ ਭਿੰਨਤਾ ਨਜ਼ਰ ਆਉਂਦੀ ਹੈ ਤਾਂ ਉਹ ਭਾਸ਼ਾ ਕਰਕੇ ਹੀ ਆਉਂਦੀ ਹੈ। ਭਾਸ਼ਾ ਸਥਿਤੀ ਦੇ ਮੁਤਾਬਕ ਬਦਲਦੀ ਹੈ ਅਤੇ ਸਥਿਤੀ ਹੀ ਪਾਤਰਾਂ ਦੀ ਬੋਲੀ ਉਪਰ ਵਿਸ਼ੇਸ਼ ਪ੍ਰਭਾਵ ਪਾਉਂਦੀ ਹੈ। ਪਾਤਰਾਂ ਦੀ ਬੋਲੀ ਵਿਚ ਵਿਕਾਰ ਜਾਂ ਪਰਿਵਰਤਨ ਆਮ ਕਰਕੇ ਲਿੰਗ, ਜਾਤੀ, ਕੌਮ ਜਾਂ ਕਿੱਤੇ ਆਦਿ ਪੱਧਰਾਂ ਕਰਕੇ ਹੁੰਦੇ ਹਨ। ਬੋਲੀ ਦੇ ਪਰਿਵਰਤਨ ਵਿਚ ਹੀ ਪਾਤਰ ਦੇ ਉਚਾਰਨ ਲਹਿਜੇ ਤੋਂ ਉਸਦਾ ਚਰਿੱਤਰ ਉਘੜਦਾ ਹੈ। ਕੰਵਲ ਦੇ ਪਾਤਰਾਂ ਨੇ ਮਲਵਈ ਲਹਿਜੇ ਨੂੰ ਆਪਣੀ ਬੋਲਚਾਲ ਵਿਚ ਬਰਕਰਾਰ ਰੱਖਿਆ ਹੈ। ਉਸ ਦੇ ਪਾਤਰਾਂ ਦੀ ਬੋਲੀ ਤਾਂ ਭਾਵੇਂ ਇਕੋ ਹੀ ਹੈ ਪਰ ਉਹਨਾਂ ਦੇ ਉਚਾਰਨ ਬੋਲਾਂ ਵਿਚ ਭਿੰਨਤਾ ਹੈ। ਕੰਵਲ ਦੇ ਪਾਤਰਾਂ ਦੀ ਬੋਲੀ ਉਨ੍ਹਾਂ ਦੇ ਸੁਭਾਅ, ਵਾਤਾਵਰਣ ਅਤੇ ਸ਼੍ਰੇਣੀ ਦੇ ਅਨੁਸਾਰ ਹੈ। ਭਾਵੇਂ ਕੰਵਲ ਦੇ ਨਾਵਲਾਂ ਵਿਚ ਅਨੇਕਾਂ ਤਰ੍ਹਾਂ ਦੇ ਪਾਤਰ ਮਿਲਦੇ ਹਨ ਪਰ ਬਹੁਤੇ ਪੇਂਡੂ ਜੀਵਨ ਨਾਲ ਸੰਬੰਧਿਤ ਹਨ। ਪਾਤਰਾਂ ਦੁਆਰਾ ਬੋਲੀ ਗਈ ਬੋਲੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਜਿਸ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੇ ਹਨ ਉਸੇ ਪੱਧਰ ਦੀ ਹੀ ਬੋਲੀ ਬੋਲਦੇ ਹਨ। ਪਾਤਰਾਂ ਦੀ ਬੋਲੀ ਦੀ ਖਾਸ ਵਿਸ਼ੇਸ਼ਤਾ ਮੁਹਾਵਰੇਦਾਰ ਸ਼ਬਦਾਵਲੀ ਹੈ ਜੋ ਕੰਵਲ ਨੇ ਪੇਂਡੂ ਵਾਤਾਵਰਣ ਦੇ ਅਨੁਕੂਲ ਵਰਤੀ ਹੈ। ਇਸ ਤੋਂ ਇਲਾਵਾ ਪਾਤਰਾਂ ਨੇ ਤਦਭਵ ਅਤੇ ਤਤਸਮ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਹੈ। ਮਲਵਈ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਪਾਤਰਾਂ ਦੀ ਬੋਲੀ ਵਿਚ /ਅ/ ਸਵਰ ਅਲੋਪ

ਮਿਲਦਾ ਹੈ। ਦੋ ਸੰਧੀ ਸਵਰਾ ਦੇ ਨਾਲ-ਨਾਲ ਪਾਤਰਾਂ ਦੀ ਬੋਲਚਾਲ ਵਿਚੋਂ ਵਿਅੰਗ ਅਰਥ ਰੱਖਦੀ ਸਲੈਂਗ ਸ਼ਬਦਾਵਲੀ ਵੀ ਮਿਲਦੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ 'ਅਰਥ' ਅਤੇ 'ਧੁਨੀ' ਦੇ ਪੱਖੋਂ ਬੋਲੀ ਵਿਚ ਬਹੁਤ ਸਾਰੇ ਪਰਿਵਰਤਨ ਆਉਂਦੇ ਹਨ ਜੋ ਪਾਤਰਾਂ ਦੀ ਭਾਸ਼ਾ ਪਰਿਵਰਤਨ ਦੇ ਕਾਰਨ ਬਣਦੇ ਹਨ।

ਨਾਵਲਾਂ ਵਿਚਲਾ ਪਾਤਰ ਸਮਾਜ ਵਿਚ ਵਿਚਰਦਾ ਵੱਖ-ਵੱਖ ਤਰ੍ਹਾਂ ਦੇ ਕਰਮਾਂ ਦੁਆਰਾ ਆਪਣੇ ਚਰਿੱਤਰ ਦਾ ਆਲੰਬਣ ਕਰਦਾ ਹੈ ਇਸੇ ਲਈ ਕੰਵਲ ਨੇ ਗਤੀਸ਼ੀਲ (ਜੋ ਸਥਿਤੀ ਅਨੁਸਾਰ ਆਪਣੇ ਆਪ ਨੂੰ ਬਦਲਦੇ ਹਨ) ਅਤੇ ਸਥਿਤੀਸ਼ੀਲ (ਜੋ ਸਥਿਤੀ ਨਾਲ ਸਮਝੌਤਾ ਕਰਦੇ ਹਨ) ਪਾਤਰਾਂ ਦੇ ਰੂਪ ਵਿਚ ਪਾਤਰ ਵੰਡ ਕੀਤੀ ਹੈ। ਕੰਵਲ ਦੇ ਇਹ ਗਤੀਸ਼ੀਲ ਅਤੇ ਸਥਿਤੀਸ਼ੀਲ ਪਾਤਰ ਆਪਣੀ ਬੋਲਚਾਲ ਵਿਚ ਕਦੇ ਹਮਦਰਦੀ ਭਰੇ ਬੋਲ, ਕਦੇ ਦਲੇਰੀ ਭਰਪੂਰ ਸ਼ਬਦਾਵਲੀ ਅਤੇ ਕਦੇ ਟਕੋਰਾਂ ਭਰੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਵਕਤੇ ਅਤੇ ਸਰੋਤੇ ਦੇ ਦਰਮਿਆਨ ਜਿਥੇ ਸੰਚਾਰਕ ਵਿਧੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦੀ ਹੈ ਉਥੇ ਨਾਲ ਹੀ ਵਕਤੇ ਅਤੇ ਸਰੋਤੇ ਦੇ ਦਰਮਿਆਨ ਕੀਤੀ ਗਈ ਵਾਰਤਾਲਾਪ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦੀ ਹੈ। ਨਾਵਲ ਵਿਚ ਪੇਸ਼ ਪਾਤਰਾਂ ਦੀ ਆਪਸੀ ਵਾਰਤਾਲਾਪ ਹੀ ਸਮੁੱਚੇ ਪਾਠ ਵਿਚ ਪ੍ਰਵਚਨ ਦਾ ਰੂਪ ਧਾਰਨ ਕਰਦੀ ਹੈ। ਪ੍ਰਵਚਨ ਬੁਨਿਆਦੀ ਅਰਥਾਂ ਵਿਚ ਵਕਤੇ ਅਤੇ ਸਰੋਤੇ ਵਿਚਕਾਰ ਕੀਤੀ ਗਈ ਆਪਸੀ ਵਿਹਾਰਕ ਗੱਲਬਾਤ ਹੁੰਦੀ ਹੈ ਜੋ ਆਪਸੀ ਵਿਚਾਰ ਵਟਾਂਦਰੇ ਦੀ ਲੜੀ ਵਜੋਂ ਸੰਚਾਰਿਤ ਹੁੰਦੀ ਹੈ।

ਕੰਵਲ ਨੇ ਨਾਵਲਾਂ ਵਿਚ ਭਾਸ਼ਾਈ ਰੂਪਾਂਤਰਾਂ ਦੀ ਵਰਤੋਂ ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗ ਨੂੰ ਮੁੱਖ ਰੱਖ ਕੇ ਕੀਤੀ ਹੈ। ਹਰ ਸਮਾਜ ਵੱਖਰੇ-ਵੱਖਰੇ ਪੱਧਰਾਂ ਵਿਚ ਵੰਡਿਆ ਹੁੰਦਾ ਹੈ ਜਿਵੇਂ (ਆਰਥਿਕ, ਵਿਦਿਅਕ, ਧਰਮ, ਜਾਤੀ ਅਤੇ ਕਿੱਤੇ)। ਇਹਨਾਂ ਪੱਧਰਾਂ ਅਨੁਸਾਰ ਹੀ ਸਮਾਜ ਦੀ ਵੰਡ ਉਚ ਵਰਗ, ਮੱਧ ਵਰਗ, ਨਿਮਨ ਵਰਗ ਅਨੁਸਾਰ ਕੀਤੀ ਜਾਂਦੀ ਹੈ। ਇਨ੍ਹਾਂ ਪੱਧਰਾਂ ਅਨੁਸਾਰ ਹੀ ਹਰ ਵਰਗ ਦੇ ਮੈਂਬਰ ਵਿਸ਼ੇਸ਼ ਪ੍ਰਕਾਰ ਦੇ ਭਾਸ਼ਾਈ ਰੂਪਾਂਤਰਾਂ ਦੀ

ਵਰਤੋਂ ਕਰਦੇ ਹਨ। ਵੱਖੋ-ਵੱਖਰੇ ਪੱਧਰ ਜਾਂ ਸਥਿਤੀਆਂ ਅੱਡ-ਅੱਡ ਭਾਸ਼ਾਈ ਰੂਪਾਂਤਰ ਉਚਾਰਣਾਂ ਦਾ ਕਾਰਨ ਬਣਦੀਆਂ ਹਨ। ਵਿਸ਼ੇ ਵਸਤੂ ਅਨੁਸਾਰ ਡਾਕਟਰ ਭਾਸ਼ਾ, ਕਿੱਤੇ ਨਾਲ ਸੰਬੰਧਿਤ ਭਾਸ਼ਾ, ਧਾਰਮਿਕ ਭਾਸ਼ਾ, ਕਾਨੂੰਨੀ ਅਤੇ ਵਪਾਰਕ ਭਾਸ਼ਾਵਾਂ ਅੱਡ-ਅੱਡ ਪਕਾਰ ਦੀਆਂ ਹੁੰਦੀਆਂ ਹਨ। ਇਨ੍ਹਾਂ ਵੱਖੋ-ਵੱਖਰੇ ਭਾਸ਼ਾਈ ਰੂਪਾਂਤਰਾਂ ਦੀ ਵਰਤੋਂ ਕੰਵਲ ਨੇ ਆਪਣੇ ਨਾਵਲਾਂ ਵਿਚਲੀ ਭਾਸ਼ਾ ਵਿਚ ਕੀਤੀ ਹੈ। ਨਾਵਲਾਂ ਵਿਚ ਸਮਾਜਿਕ ਅਤੇ ਸਭਿਆਚਾਰਕ ਜੀਵਨ ਚਿਤਰਣ ਲਈ ਪੇਂਡੂ ਪਿੱਠ-ਭੂਮੀ ਨੂੰ ਹੀ ਆਧਾਰ ਬਣਾਇਆ ਹੈ। ਕੰਵਲ ਨੇ ਆਪਣੇ ਨਾਵਲਾਂ ਵਿਚ ਮਲਵਈ ਪੇਂਡੂ ਭਾਸ਼ਾ ਰਾਹੀਂ ਮਰਦ ਪ੍ਰਧਾਨ ਸਮਾਜ ਦੀ ਭਾਸ਼ਾ ਅਤੇ ਉਨ੍ਹਾਂ ਦੀ ਖੁਲ੍ਹੀ-ਡੁਲ੍ਹੀ ਜ਼ਿੰਦਗੀ ਨੂੰ ਪੇਸ਼ ਕੀਤਾ ਹੈ। ਉਸ ਨੇ ਇਥੇ ਇਹ ਵੀ ਦੱਸਿਆ ਹੈ ਕਿ ਪੇਂਡੂ ਕਦਰਾਂ-ਕੀਮਤਾਂ ਅਜੇ ਬਦਲੀਆਂ ਨਹੀਂ। ਅੱਜ ਵੀ ਸਾਡਾ ਸਮਾਜ ਸਮਾਜਿਕ ਬੰਦਸ਼ਾਂ ਵਿਚ ਬੰਨਿਆ ਹੋਇਆ ਹੈ ਤੇ ਇਸ ਲਈ ਕੰਵਲ ਆਪਣੀਆਂ ਰਚਨਾਵਾਂ ਵਿਚ ਪੂੰਜੀਵਾਦੀ ਸਮਾਜ ਵਿਚ ਆਰਥਿਕ ਨਾ-ਬਰਾਬਰੀ, ਦੌਲਤ ਦੀ ਕਾਣੀ-ਵੰਡ, ਊਚ-ਨੀਚ, ਜਾਤ-ਪਾਤ ਅਤੇ ਸਮਾਜਿਕ ਅਸੰਤੁਲਨ ਵਰਗੀਆਂ ਬੁਰਾਈਆਂ ਨੂੰ ਆਧਾਰ ਬਣਾਉਂਦਾ ਹੈ। ਇਸ ਲਈ ਸ਼੍ਰੇਣੀ ਵੰਡ ਨੂੰ ਮੁੱਖ ਰੱਖਿਆ ਜਾਂਦਾ ਹੈ। ਕੰਵਲ ਨੇ ਸਮਾਜ ਵਿਚ ਉਚ ਸ਼੍ਰੇਣੀ ਤੇ ਨੀਵੀਂ ਸ਼੍ਰੇਣੀ ਦੀ ਟੱਕਰ ਨੂੰ ਬਿਆਨਿਆ ਹੈ ਕਿ ਨੀਵੀਂ ਸ਼੍ਰੇਣੀ ਦੀ ਤਰੱਕੀ ਉੱਚ ਸ਼੍ਰੇਣੀ ਕਦੇ ਬਰਦਾਸਤ ਨਹੀਂ ਕਰਦੀ। ਕੰਵਲ ਵਲੋਂ ਪੇਸ਼ ਕੀਤੇ ਪਾਤਰਾਂ ਦੀ ਭਾਸ਼ਾ ਦਾ ਸਮਾਜ ਭਾਸ਼ਾ ਵਿਗਿਆਨਕ ਅਧਿਐਨ ਕਰਨ ਲਈ ਔਰਤ ਮਰਦ ਦੀ ਭਾਸ਼ਾ, ਉਨ੍ਹਾਂ ਦੇ ਕਿੱਤੇ, ਸਥਿਤੀ (ਆਰਥਿਕ, ਸਮਾਜਿਕ, ਧਾਰਮਿਕ) ਅਤੇ ਵਿਸ਼ੇਸ਼ ਰਜਿਸਟਰਾਂ ਮੁਤਾਬਕ ਦਰਜੇ, ਉਮਰ, ਅਤੇ ਸ਼੍ਰੇਣੀ ਵੰਡ ਮੁਤਾਬਕ ਵੀ ਭਾਸ਼ਾ ਵਿਚ ਆਉਂਦੀ ਤਬਦੀਲੀ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਪਾਤਰਾਂ ਦੀ ਬੋਲੀ ਦਾ ਸ਼ੈਲੀਗਤ ਅਧਿਐਨ ਕਰਦੇ ਹੋਏ ਇਹ ਸਿੱਟਾ ਨਿਕਲਦਾ ਹੈ ਕਿ ਸ਼ੈਲੀ ਅਤੇ ਸ਼ੈਲੀ ਵਿਗਿਆਨ ਬਾਰੇ ਵਿਦਵਾਨਾਂ ਦੀ ਇਕ ਰਾਇ ਨਹੀਂ। ਇਸਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਬਾਰੇ ਵਿਦਵਾਨਾਂ ਦੇ ਵੱਖ-ਵੱਖ ਮਤ ਹਨ। ਫਿਰ ਵੀ ਅਸੀਂ ਕਹਿ ਸਕਦੇ ਹਾਂ

ਕਿ ਸ਼ੈਲੀ ਵਿਅਕਤੀ ਦੀ ਨਿੱਜੀ ਸਖਸ਼ੀਅਤ ਪ੍ਰਗਟਾਉਂਦੀ ਹੈ। ਚਿਹਰੇ ਦੇ ਮੁਹਾਂਦਰੇ ਦੀ ਤਰ੍ਹਾਂ ਲੇਖਕ ਆਪਣੀ ਸ਼ੈਲੀ ਤੋਂ ਪਹਿਚਾਣਿਆ ਜਾਂਦਾ ਹੈ, ਉਸਦੇ ਇਹ ਪਛਾਣ ਚਿੰਨ੍ਹ ਹੀ ਉਸਦੀ ਸ਼ੈਲੀ ਹਨ। ਭਿੰਨ-ਭਿੰਨ ਲੇਖਕਾਂ ਦੁਆਰਾ ਵਰਤੀ ਭਾਸ਼ਾ ਦੀ ਵਿਆਕਰਣ ਸਾਂਝੀ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਲਿਖਤਾਂ ਵਿਚ ਵੱਖਰਾਪਣ ਹੁੰਦਾ ਹੈ। ਕੰਵਲ ਨੇ ਆਪਣੇ ਨਾਵਲਾਂ ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਸ਼ੈਲੀ ਦੇ ਤੱਤਾਂ (ਸਪੱਸ਼ਟਤਾ, ਸੰਜਮਤਾ, ਨਿਆਇਸ਼ੀਲਤਾ, ਸਰਲਤਾ, ਵਿਸ਼ੇ ਦੀ ਯੋਗ ਅਤੇ ਢੁੱਕਵੀਂ ਤਰਤੀਬ, ਵਿਅੰਗ ਅਤੇ ਹਾਸ-ਬਿਲਾਸ, ਭਾਸ਼ਾ ਦੀ ਠੇਠਤਾ) ਅਤੇ ਕਿਸਮਾਂ (ਵਰਣਨਾਤਮਕ ਸ਼ੈਲੀ, ਆਤਮਕਥਾਤਮਕ/ਸ੍ਵੈ-ਜੀਵਨੀ, ਡਾਇਰੀ/ਪੱਤਰਾਤਮਕ, ਕਾਵਿਮਈ/ਭਾਵਾਤਮਕ, ਮਨੋਵਿਸ਼ਲੇਸ਼ਾਤਮਕ ਵਿਆਖਿਆਮਈ, ਸੰਜਮ ਭਰਪੂਰ, ਸੌਂਦਰਯਮਈ, ਯਥਾਰਥਮਈ, ਪ੍ਰਸ਼ਨੋਤਰੀ ਅਤੇ ਵਿਸਮਿਕ ਸ਼ੈਲੀ) ਅਲੰਕਾਰਾਂ ਅਤੇ ਉਪਮਾਵਾਂ ਦੀ ਵਰਤੋਂ ਕੀਤੀ ਹੈ।

ਕੰਵਲ ਵਲੋਂ ਵਰਤੀਆਂ ਉਪਰੋਕਤ ਸਭ ਸ਼ੈਲੀਆ ਅਤੇ ਤੱਤਾਂ ਦੀ ਵਰਤੋਂ ਨਾਵਲਾਂ ਦੀ ਕਹਾਣੀ ਦੇ ਅਨੁਕੂਲ ਅਤੇ ਢੁਕਵੀਂ ਹੈ। ਸ਼ੈਲੀ ਵਿਚ ਸਰਲਤਾ, ਰੌਚਕਤਾ, ਨਿਵੇਕਲਾਪਣ, ਮੌਲਿਕਤਾ, ਸੁਝਾਉ, ਭਰਪੂਰਤਾ ਆਦਿ ਅਨੇਕਾਂ ਗੁਣ ਮੌਜੂਦ ਹਨ। ਕੰਵਲ ਦੀ ਸ਼ੈਲੀ ਮੂਲ ਰੂਪ ਵਿਚ ਕਾਵਿਕ ਅਤੇ ਵਿਚਾਰਾਤਮਕ ਹੈ, ਕਿਉਂਕਿ ਉਸਦੀ ਪ੍ਰਤਿਭਾ ਕਾਵਿਕ, ਭਾਵੁਕ, ਰਸਿਕ ਅਤੇ ਦਾਰਸ਼ਨਿਕ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਕੰਵਲ ਦ੍ਰਿੜ ਵਿਸ਼ਵਾਸੀ, ਵਿਚਾਰਾਤਮਕ ਅਤੇ ਭਾਵਨਾਤਮਕ ਸੋਚ ਵਾਲਾ ਨਾਵਲਕਾਰ ਹੈ। ਵਿਚਾਰਾਂ ਵਰਗੀ ਅਮੀਰੀ ਹੀ ਉਸ ਦੀ ਬੋਲੀ ਅਤੇ ਸ਼ੈਲੀ ਹੈ। ਉਸ ਪਾਸ ਸਾਰਥਕ ਕਲਪਨਾ ਅਤੇ ਜੀਵਨ ਦਾ ਵਿਸ਼ਾਲ ਅਨੁਭਵ ਹੈ। ਕੰਵਲ ਉਨ੍ਹਾਂ ਸਖਸ਼ੀਅਤਾਂ ਵਿਚੋਂ ਹੈ ਜੋ ਆਪਣੇ ਸਮਾਜਿਕ ਸਭਿਆਚਾਰਕ ਜੀਵਨ ਅਤੇ ਸਾਹਿਤ ਨੂੰ ਇਕਸੁਰ ਕਰਨ ਤੇ ਰੱਖਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਅਜਿਹੀ ਵਿਲੱਖਣ ਸਖਸ਼ੀਅਤ ਵਾਲੇ ਸਾਹਿਤਕਾਰ ਬਹੁਤ ਵਿਰਲੇ ਹੀ ਮਿਲਦੇ ਹਨ।